# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)ਮਾਨਸਾ।

ਵੱਲ,

**ਸਮੂਹ ਸਕੂਲ ਮੁਖੀ,**
ਸਰਕਾਰੀ/ਆਦਰਸ਼/ਮਾਡਲ/ਏਡਿਡ/ਪ੍ਰਾਇਵੇਟ,
**ਮਾਨਸਾ।**

ਪੱਤਰ ਨੰ:-MIS/2017/21008 ਮਿਤੀ:- 27/4/2017.

**ਵਿਸ਼ਾ:-** **ਸਾਲ 2017-18 ਲਈ ਈ-ਪੰਜਾਬ ਵੈਬ ਪੋਰਟਲ ਤੇ ਸਮੂਹ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸੈਸ਼ਨ 2017-18 ਲਈ ਦਾਖਲੇ ਜਾਰੀ ਹਨ ਅਤੇ ਦਾਖਲਾ ਖਾਰਜ ਰਜਿਸਟਰ ਵਿੱਚ ਦਰਜ ਹਰ ਇਕ ਵਿਦਿਆਰਥੀ ਦਾ ਡਾਟਾ ਈ-ਪੰਜਾਬ ਵੈਬ ਪੋਰਟਲ ਤੇ ਵੀ ਅਪਡੇਟ ਕੀਤਾ ਜਾਣਾ ਜਰੂਰੀ ਹੈ।ਇਸ ਸਬੰਧੀ ਹੇਠ ਲਿਖੀਆ ਹਦਾਇਤਾਂ ਜਾਰੀ ਕੀਤੀਆਂ ਜਾਂਦੀਆ ਹਨ।

1) ਮੁੱਖ ਦਫਤਰ ਵੱਲੋ ਹਰ ਸਾਲ ਦੀ ਤਰਾਂ ਸਕੂਲ ਦੀ ਹਰ ਇੱਕ ਕਲਾਸ ਦੇ ਪਿਛਲੇ ਸਾਲ(2016-17) ਦੇ ਵਿਦਿਆਰਥੀ ਅਗਲੀ ਕਲਾਸ ਵਿੱਚ Promote ਕਰ ਦਿੱਤੇ ਗਏ ਹਨ। ਭਾਵ ਪਹਿਲੀ ਕਲਾਸ ਦੇ ਵਿਦਿਆਰਥੀ ਦੂਜੀ ਅਤੇ ਦੂਜੀ ਕਲਾਸ ਵਾਲੇ ਤੀਜੀ ਕਲਾਸ ਅਤੇ ਇਸੇ ਤਰਾਂ ਸਾਰੀਆਂ ਕਲਾਸਾ ਦੇ ਵਿਦਿਆਰਥੀ Promote ਕਰ ਦਿੱਤੇ ਗਏ ਹਨ ਅਤੇ ਸਮੂਹ ਸਕੂਲਾਂ ਦਾ ਡਾਟਾ ਵੀ ਅਨਲਾਕ (Dissapprove) ਕਰ ਦਿੱਤਾ ਗਿਆ ਹੈ।ਪ੍ਰਾਇਵੇਟ ਸਕੂਲ ਦੇ ਪ੍ਰੀ-ਪ੍ਰਾਇਮਰੀ ਕਲਾਸ ਦੇ ਵਿਦਿਆਰਥੀ ਪ੍ਰੀ-ਪ੍ਰਾਇਮਰੀ ਕਲਾਸ ਵਿੱਚ ਹੀ ਰਖੇ ਗਏ ਹਨ।ਪਰੰਤੂ ਜੇਕਰ ਕੋਈ ਵਿਦਿਆਰਥੀ ਪਹਿਲੀ ਕਲਾਸ ਵਿੱਚ ਦਾਖਲ ਹੋਇਆ ਹੈ ਤਾਂ ਉਸ ਨੂੰ ਪ੍ਰਮੋਟ ਕਰ ਲਿਆ ਜਾਵੇ।
2) ਇਹ ਯਕੀਨੀ ਬਣਾਇਆ ਜਾਵੇ ਕਿ ਹਰ ਇਕ ਵਿਦਿਆਰਥੀ ਦਾ ਅਧਾਰ ਕਾਰਡ ਈ-ਪੰਜਾਬ ਤੇ ਦਰਜ ਹੋਵੇ ਪਰੰਤੂ ਇਸ ਦਾ ਇਹ ਮਤਲਬ ਬਿਲਕੁਲ ਨਹੀ ਕਿ ਆਧਾਰ ਕਾਰਡ ਤੋ ਬਿਨਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਹੀ ਨਾ ਕੀਤਾ ਜਾਵੇ।ਬਲਕਿ ਜੇਕਰ ਕਿਸੇ ਵਿਦਿਆਰਥੀ ਦਾ ਦਾਖਲੇ ਸਮੇਂ ਆਧਾਰ ਕਾਰਡ ਨਹੀ ਬਣਿਆਂ ਤਾ ਉਸ ਦਾ ਅਧਾਰ ਕਾਰਡ ਬਣਵਾ ਕਿ ਇਸੇ ਮਹੀਨੇ ਦੇ ਅੰਤ ਤੱਕ ਈ-ਪੰਜਾਬ ਵੈਬ ਪੋਰਟਲ ਤੇ ਅਪਡੇਟ ਕਰ ਦਿੱਤਾ ਜਾਵੇ।
3) ਸਮੂਹ ਸਕੂਲਾਂ ਦੇ ਦਾਖਲਾ ਖਾਰਜ ਰਜਿਸਟਰ ਵਿੱਚ ਬੱਚਿਆਂ ਦੀ ਗਿਣਤੀ, ਈ-ਪੰਜਾਬ ਵੈਬ ਪੋਰਟਲ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ।ਭਾਵ ਜਿੰਨੇ ਵਿਦਿਆਰਥੀ ਦਾਖਲਾ ਖਾਰਜ ਰਜਿਸਟਰ ਵਿੱਚ ਦਰਜ ਹਨ,ਉਨ੍ਹੇ ਹੀ ਈ-ਪੰਜਾਬ ਵੈਬ ਪੋਰਟਲ ਤੇ ਦਰਜ ਹੋਣ।
4) ਜੇਕਰ ਕੋਈ ਵਿਦਿਆਰਥੀ ਪਿਛਲੇ ਸੈਸ਼ਨ ਵਿੱਚ ਕਿਸੇ ਹੋਰ ਸਕੂਲ ਵਿੱਚ ਸੀ ਅਤੇ ਇਸ ਨਵੇ ਸੈਸ਼ਨ ਦੌਰਾਨ ਕਿਸੇ ਹੋਰ ਸਕੂਲ ਵਿੱਚ ਦਾਖਲਾ ਲਿਆ ਹੈ ਤਾ ਅਜਿਹੀ ਸਥਿਤੀ ਵਿੱਚ ਨਵਾ ਰਿਕਾਰਡ ਦਰਜ ਨਾ ਕੀਤਾ ਜਾਵੇ ਬਲਕਿ ਪੁਰਾਣੇ ਸਕੂਲ ਵਿੱਚੋ ਹੀ ਡਾਟਾ Fetch ਕਰ ਲਿਆ ਜਾਵੇ ਅਤੇ ਲੋੜੀਦੀ ਤਬਦੀਲ (ਦਾਖਲਾ ਨੰਬਰ, ਦਾਖਲਾ ਮਿਤੀ ਆਦਿ) ਨਾਲ ਸੇਵ ਕਰ ਲਿਆ ਜਾਵੇ। ਇਥੇ ਇਹ ਯਕੀਨੀ ਬਣਾ ਲਿਆ ਜਾਵੇ ਕਿ ਜੇਕਰ Fetch ਕਰਨ ਤੇ ਵੀ ਵਿਦਿਆਰਥੀ ਨਹੀ ਮਿਲ ਰਿਹਾ ਤਾਂ Student ADD ਪ੍ਰੋਗਾਰਮੇ ਵਿੱਚ ਵਿਦਿਆਰਥੀ ਦਾ ਆਧਾਰ ਕਾਰਡ ਨੰਬਰ ਜਾਂ ਨਾਮ, ਪਿਤਾ-ਮਾਤਾ ਦਾ ਨਾਮ ਅਤੇ ਜਨਮ ਮਿਤੀ ਭਰ ਕੇ Verify ਕਰ ਲਿਆ ਜਾਵੇ ਅਤੇ ਜੇਕਰ ਵਿਦਿਆਰਥੀ ਦਾ ਡਾਟਾ ਕਿਸੇ ਹੋਰ ਸਕੂਲ ਵਿੱਚ ਸ਼ੋ ਹੋ ਰਿਹਾ ਹੈ ਪਰੰਤੂ Edit button ਨਹੀ ਸ਼ੋ ਹੋ ਰਿਹਾ ਤਾ ਇਸ ਦਾ ਮਤਲਬ ਇਹ ਹੈ ਕਿ ਉਸ ਪੁਰਾਣੇ ਸਕੂਲ ਵੱਲੋ ਅਜੇ SLC ਜਾਰੀ ਕੀਤਾ ਜਾਣਾ ਹੈ ਜਿਸ ਬਾਰੇ ਸਬੰਧਿਤ ਸਕੂਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ।
5) ਸਰਕਾਰੀ ਪ੍ਰਾਇਮਰੀ ਸਕੂਲ ਅਪਣੇ ਨੋਡਲ ਸਕੂਲ ਵਿੱਚੋ ਹੀ ਡਾਟਾ ਦਰੁਸਤ/ਦਰਜ ਕਰਵਾਉਣਗੇ।ਨੋਲਡ ਸਕੂਲ ਅਪਣੇ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਡਾਟਾ ਅਪਡੇਟ/ਦਰਜ ਕਰਨ ਵਿੱਚ ਸਹਾਇਤਾ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕਿਸੇ ਵੀ ਪ੍ਰਾਇਮਰੀ ਸਕੂਲ ਦਾ ਡਾਟਾ ਅਪਡੇਟ/ਦਰਜ ਹੋਣ ਤੋ ਰਹਿ ਨਾ ਜਾਵੇ।
6) ਸਮੁੱਚਾ ਡਾਟਾ ਅਪਡੇਟ/ਦਰਜ ਕਰਨ ਤੋ ਬਾਅਦ ਅਪਰੂਵ ਕਰਨਾ ਹੋਵੇਗਾ ਜਿਸ ਲਈ ਅੰਤਿਮ ਮਿਤੀ 05/05/2017 ਹੈ ਪਰੰਤੂ ਕੋਸ਼ਿਸ ਇਹ ਕੀਤੀ ਜਾਵੇ ਕਿ ਜਿੰਨੀ ਜਲਦ ਹੋ ਸਕੇ ਡਾਟਾ ਅਪਡੇਟ ਕਰ ਲਿਆ ਜਾਵੇ ਤਾਂ ਜੋ ਆਖਰੀ ਮਿਤੀਆਂ ਵਿੱਚ ਸਾਈਟ ਦੀ ਗਤੀ ਧੀਮੀ ਹੋਣ ਵਾਲੀ ਮੁਸ਼ਕਿਲ ਤੋ ਬਚਿਆ ਜਾ ਸਕੇ।

27/4/17
ਜਿਲ੍ਹਾ ਸਿੱਖਿਆ ਅਫਸਰ(ਸੈ:ਸਿ)
ਮਾਨਸਾ

Scanned by CamScanner